**CLASS : 12th (Sr. Secondary)** **Code No. 1206**

**Series : SS/Annual Exam.-2024**

*ਰੋਲ ਨੰ.* | | | | | | | | | | |

***SET : D***

# ਪੰਜਾਬੀ

## PUNJABI

***ACADEMIC/OPEN***

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖ਼ਿਆ* ***8*** *ਅਤੇ ਪ੍ਰਸ਼ਨ* ***19*** *ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ* ***ਕੋਡ ਨੰ.*** *ਅਤੇ* ***ਸੇਟ*** *ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ।* ***ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ ਸ਼ਬਦ*** ਜਾਂ ***ਇੱਕ ਵਾਕ*** ਵਿਚ ਲਿਖੋ : $1 \times 5 = 5$

(i) ਖੁੱਲ੍ਹੀ ਕਵਿਤਾ ਲਿਖਣ ਦਾ ਮੋਢੀ ਕਵੀ ਕੌਣ ਹੈ ?

(ii) ਪ੍ਰਿ. ਤੇਜਾ ਸਿੰਘ ਦੀ ਸਵੈ-ਜੀਵਨੀ ਦਾ ਨਾਂ ਲਿਖੋ।

(iii) ਅਜੀਤ ਕੌਰ ਦਾ ਜਨਮ ਕਦੋਂ ਹੋਇਆ ?

(iv) ਪੰਜਾਬੀ ਰੰਗਮੰਚ ਦਾ ਪਿਤਾਮਾ ਕੌਣ ਹੈ ?

(v) ਡਾ. ਹਰਚਰਨ ਸਿੰਘ ਦਾ ਜਨਮ ਕਦੋਂ ਹੋਇਆ ?

**2.** ਹੇਠ ਲਿਖਿਆਂ ਸਿਖਿਆਵਾਂ ਵਿਚੋਂ ਕਿਸੇ ***ਇਕ*** ਉੱਤੇ ਕਹਾਣੀ ਲਿਖੋ : 5

(ੳ) ਏਕੇ ਵਿਚ ਬਰਕਤ

(ਅ) ਈਮਾਨਦਾਰੀ ਚੰਗੀ ਨੀਤੀ ਹੈ

(ੲ) ਅੰਤ ਭਲੇ ਦਾ ਭਲਾ

**3.** ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ***ਇਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਰੂਪ ਵਿਚ ਲਿਖੋ : 5

(ੳ) ਸ਼ਾਹ-ਮੁਹੰਮਦ

(ਅ) ਸ਼ੇਖ ਫਰੀਦ ਜੀ

(ੲ) ਸ਼੍ਰੀ ਗੁਰੂ ਅਰਜਨ ਦੇਵ ਜੀ

**4.** ਹੇਠ ਲਿਖੇ ਪੈਰ੍ਹੇ ਨੂੰ ਸਿਰਲੇਖ ਸਹਿਤ ਸੰਖੇਪ ਕਰਕੇ ਲਿਖੋ : 5

ਮਨੁੱਖ ਲਈ ਸਮੇਂ ਦੀ ਕਦਰ ਕਰਨਾ ਜਾਂ ਸਮੇਂ ਦਾ ਪਾਬੰਦ ਹੋਣਾ ਬਹੁਤ ਜ਼ਰੂਰੀ ਹੈ। ਸਮਾਂ ਬਹੁਤ ਕੀਮਤੀ ਹੁੰਦਾ ਹੈ। ਇਹ ਨਿਰੰਤਰ ਚਲਦਾ ਰਹਿੰਦਾ ਹੈ ਅਤੇ ਗਤੀਸ਼ੀਲ ਹੈ। ਸਮਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ। ਜਿਹੜਾ ਸਮਾਂ ਇਕ ਵਾਰੀ ਬੀਤ ਜਾਂਦਾ ਹੈ ਉਹ ਮੁੜਕੇ ਨਹੀਂ ਆਉਂਦਾ। ਸਾਨੂੰ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ। ਹਰ ਵੱਡੇ ਆਦਮੀ ਦੀ ਸਫਲਤਾ ਦੇ ਪਿੱਛੇ 'ਸਮੇਂ ਦੀ ਕਦਰ' ਕਰਨ ਦਾ ਰਾਜ਼ ਹੈ। ਜਿਸਨੇ ਵੀ ਇਸ ਸਮੇਂ ਨੂੰ ਪਛਾਣਿਆ ਅਤੇ ਕਦਰ ਕੀਤੀ ਉਹ ਫਰਸਾਂ ਤੋਂ ਅਰਸਾਂ ਤਕ ਦੀ ਉਡਾਰੀ ਲਾਉਂਦਾ ਹੈ। ਪਰ ਜੋ ਸਮੇਂ ਦੀ ਬੇਕਦਰੀ ਕਰਦਾ ਹੈ ਉਹ ਅਰਸਾਂ ਤੋਂ ਫਰਸਾਂ ਵਲ ਆਉਂਦਾ ਹੈ। ਕੇਵਲ ਮਨੁੱਖ ਵਲੋਂ ਹੀ ਨਹੀਂ ਸਗੋ ਕੁਦਰਤ ਵਲੋਂ ਵੀ ਕੰਮ ਦਾ ਸਮਾਂ ਮੁਕੱਰਰ ਹੈ। ਦਿਨ-ਰਾਤ ਆਪਣੇ ਸਮੇਂ ਅਨੁਸਾਰ ਚਲ ਰਹੇ ਹਨ। ਇਸੇ ਤਰ੍ਹਾਂ ਮਨੁੱਖ ਵਲੋਂ ਵੀ ਸਮੇਂ ਸਿਰ ਕੰਮ ਨਿਪਟਾਉਣ ਲਈ ਹਰ ਖੇਤਰ ਵਿਚ ਸਮਾਂ ਸਾਰਣੀਆਂ ਨਿਸ਼ਚਿਤ ਕੀਤੀਆਂ ਗਈਆਂ ਹਨ। ਸਾਨੂੰ ਸਮੇਂ ਨੂੰ ਕਿਸੇ ਵੀ ਤਰੀਕੇ ਨਾਲ ਬਰਬਾਦ ਨਹੀਂ ਕਰਨਾ ਚਾਹੀਦਾ। ਅਸੀਂ ਖਰਚਿਆਂ ਪੈਸਾ ਕਮਾ ਸਕਦੇ ਹਾਂ ਪਰ ਅਸੀਂ ਗਵਾਇਆ ਸਮਾਂ ਵਾਪਸ ਨਹੀਂ ਲੈ ਸਕਦੇ। ਇਸ ਲਈ ਸਮੇਂ ਨੂੰ ਪੈਸੇ ਨਾਲੋਂ ਵਧੇਰੇ ਕੀਮਤੀ ਬਣਾਉਣਾ ਹੈ। ਸਾਨੂੰ ਸਮੇਂ ਦੀ ਵਰਤੋਂ ਆਪਣੇ ਭਲੇ ਦੇ ਨਾਲ-ਨਾਲ ਦੂਜਿਆਂ ਦੇ ਭਲੇ ਲਈ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਇਕ ਨਿਰੋਇਆ ਸਮਾਜ ਸਿਰਜ ਸਕੀਏ।

**5.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾ ਦੇ ਠੀਕ ਉੱਤਰ ਚੁਣੋ : $1 \times 5 = 5$

(i) ਦਮੋਦਰ ਨੇ ਕਿਹੜਾ ਕਿੱਸਾ ਲਿਖਿਆ?

(ੳ) ਮਿਰਜਾ-ਸਾਹਿਬਾਂ (ਅ) ਹੀਰ-ਰਾਂਝਾ

(ੲ) ਸੱਸੀ-ਪੁੰਨੂ (ਸ) ਸੋਹਣੀ-ਮਹੀਵਾਲ

(ii) 'ਕੌਮੀ ਕਵੀ' ਕਿਸ ਨੂੰ ਕਿਹਾ ਜਾਂਦਾ ਹੈ?

(ੳ) ਪੂਰਨ ਸਿੰਘ (ਅ) ਸ਼ਾਹ ਹੁਸੈਨ

(ੲ) ਸ਼ਾਹ-ਮੁਹੰਮਦ (ਸ) ਬੁੱਲ੍ਹੇਸ਼ਾਹ

(iii) ਸ਼ਾਹ-ਹੁਸੈਨ ਨੇ ਕਿੰਨੀਆਂ ਕਾਫੀਆਂ ਲਿਖਿਆਂ?

(ੳ) 162 (ਅ) 163

(ੲ) 164 (ਸ) 165

(iv) ਗੁਰਮਤਿ ਕਾਵਿ ਦਾ ਮੋਢੀ ਕਵੀ ਕੌਣ ਹੈ?

(ੳ) ਗੁਰੂ ਅੰਗਦ ਦੇਵ ਜੀ (ਅ) ਗੁਰੂ ਅਮਰਦਾਸ ਜੀ

(ੲ) ਗੁਰੂ ਅਰਜਨ ਦੇਵ ਜੀ (ਸ) ਸ਼੍ਰੀ ਗੁਰੂ ਨਾਨਕ ਦੇਵ ਜੀ

(v) ਬੁੱਲ੍ਹੇ ਸ਼ਾਹ ਦਾ ਜਨਮ ਕਦੋਂ ਹੋਇਆ?

(ੳ) 1680 (ਅ) 1670

(ੲ) 1690 (ਸ) 1660

**6.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ : $1 \times 5 = 5$

(i) ਅੰਮ੍ਰਿਤਾ-ਪ੍ਰੀਤਮ ਦੇ ਕਿਸ ਕਾਵਿ-ਸੰਗ੍ਰਹਿ ਨੂੰ ਗਿਆਨ ਪੀਠ ਪੁਰਸਕਾਰ ਮਿਲਿਆ?

(ੳ) ਕਾਗਜ਼ ਤੇ ਕੈਨਵਸ (ਅ) ਸਰਘੀ ਵੇਲਾ

(ੲ) ਸੁਨੇਹੜੇ (ਸ) ਅੰਮ੍ਰਿਤ ਲਹਿਰਾਂ

(ii) ਨਿੱਕਿਆਂ ਕਵਿਤਾਵਾਂ ਦਾ ਵੱਡਾ ਕਵੀ ਕਿਸਨੂੰ ਕਿਹਾ ਜਾਂਦਾ ਹੈ?

(ੳ) ਅੰਮ੍ਰਿਤਾ ਪ੍ਰੀਤਮ (ਅ) ਭਾਈ ਵੀਰ ਸਿੰਘ

(ੲ) ਪ੍ਰੋ. ਪੂਰਨ ਸਿੰਘ (ਸ) ਪ੍ਰੋ. ਮੋਹਨ ਸਿੰਘ

(iii) ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਕਿਹੜਾ ਨਗਰ ਵਸਾਇਆ?

(ੳ) ਅੰਮ੍ਰਿਤਸਰ (ਅ) ਜਲੰਧਰ

(ੲ) ਲਾਹੌਰ (ਸ) ਪ੍ਰੀਤਨਗਰ

(iv) 'ਲੂਣਾ' ਕਵਿਤਾ ਕਿਸ ਕਵੀ ਦੀ ਹੈ?

(ੳ) ਅੰਮ੍ਰਿਤਾ ਪ੍ਰੀਤਮ (ਅ) ਸ਼ਿਵ ਕੁਮਾਰ ਬਟਾਲਵੀ

(ੲ) ਜਗਤਾਰ (ਸ) ਸੁਰਜੀਤ ਪਾਤਰ

(v) ਨਨਕਾਇਣ ਮਹਾਂ-ਕਾਵਿ ਕਿਸਦਾ ਲਿਖਿਆ ਹੈ?

(ੳ) ਪ੍ਰੋ. ਮੋਹਨ ਸਿੰਘ (ਅ) ਸੁਰਜੀਤ ਪਾਤਰ

(ੲ) ਧਨੀਰਾਮ ਚਾਤ੍ਰਿਕ (ਸ) ਪ੍ਰੋ. ਪੂਰਨ ਸਿੰਘ

**ਭਾਗ – (ਅ)**

**7.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਇਕ ਸ਼ਬਦ ਵਿਚ ਲਿਖੋ : 1 × 3 = 3

(i) 'ਅੰਨਦਾਤਾ' ਕਵਿਤਾ ਕਿਸ ਕਵੀ ਦੀ ਹੈ?

(ii) ਕਵੀ ਨੇ ਜਲ-ਕਣ ਕਿਸਨੂੰ ਕਿਹਾ ਹੈ?

(iii) ਬਿਨਫ਼ਸ਼ਾਂ ਦਾ ਫੁੱਲ ਕਿਥੇ ਉਗਿਆ ਹੈ?

**8.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾ ਦੇ ਠੀਕ ਉੱਤਰ ਚੁਣੋ : 1 × 3 = 3

(i) 'ਸਾਂਤੀ ਦੇਵੀ' ਸ਼ੋਭਾ ਦੀ ਕੀ ਲਗਦੀ ਹੈ?

(ੳ) ਮਾਂ (ਅ) ਨੂੰਹ

(ੲ) ਸੱਸ (ਸ) ਭੈਣ

(ii) 'ਸ਼ੋਭਾ' ਦੂਜੇ ਨਾਟ ਵਿਚ ਕਿਹੜੇ ਰੂਪ ਵਿਚ ਪੇਸ਼ ਹੋਈ ਹੈ?

(ੳ) ਸੱਸ (ਅ) ਪਤਨੀ

(ੲ) ਨੂੰਹ (ਸ) ਧੀ

(iii) 'ਸ਼ੋਭਾ-ਸ਼ਕਤੀ' ਨਾਟਕ ਵਿਚ ਕਿੰਨ੍ਹੇ ਨਾਟ ਹਨ?

(ੳ) ਪੰਜ (ਅ) ਚਾਰ

(ੲ) ਤਿੰਨ (ਸ) ਦੋ

**9.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ : 1 × 3 = 3

(i) 'ਮਲਕ ਭਾਗੋ ਤੇ ਭਾਈ ਲਾਲੋ' ਲੇਖ ਵਿਚ ਕੀ ਉਪਦੇਸ਼ ਦਿਤਾ ਗਿਆ ਹੈ?

(ii) ਵੈਦਰ ਕਰਾਫਟ ਕਿਥੋਂ ਦਾ ਰਹਿਣ ਵਾਲਾ ਸੀ?

(iii) 'ਸਭਿਅਤਾ ਦੇ ਦੋ ਪੱਧਰ' ਨਿਬੰਧ ਕਿਸਦੀ ਰਚਨਾ ਹੈ?

**10.** ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ***ਦੋ*** ਦੇ ਉੱਤਰ ਸੰਖੇਪ ਵਿਚ ਲਿਖੋ : $2 \times 2 = 4$

(i) 'ਚਸ਼ਮਾ ਇੱਛਾਬਲ 'ਤੇ ਡੂੰਘੀਆਂ ਸ਼ਾਮਾਂ' ਕਵਿਤਾ ਦਾ ਕੇਂਦਰੀ ਭਾਵ ਲਿਖੋ।

(ii) 'ਲੂਣਾਂ' ਕਵਿਤਾ ਵਿਚ ਲੂਣਾਂ ਆਪਣੇ ਆਪ ਨੂੰ ਬਦਕਿਸਮਤ ਕਿਉਂ ਸਮਝਦੀ ਹੈ?

(iii) 'ਖਤਾਂ ਦੀ ਉਡੀਕ' ਕਵਿਤਾ ਵਿਚ ਕਾਵਿ-ਨਾਇਕ ਕਿਸ-ਕਿਸ ਦੇ ਖਤਾਂ ਦੀ ਉਡੀਕ ਕਰਦਾ ਹੈ?

**11.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਸੰਖੇਪ ਵਿਚ ਲਿਖੋ : $2 \times 2 = 4$

(i) 'ਸ਼ੋਭਾ-ਸ਼ਕਤੀ' ਨਾਟਕ ਰਾਹੀਂ ਸਾਨੂੰ ਕੀ ਸੰਦੇਸ਼ ਦਿਤਾ ਗਿਆ ਹੈ?

**ਜਾਂ**

ਸ਼ੋਭਾ ਦਾ ਪਾਤਰ ਚਿਤਰਨ ਕਰੋ।

(ii) 'ਸ਼ੋਭਾ-ਸ਼ਕਤੀ' ਨਾਟਕ ਦਾ ਵਿਸ਼ਾ ਕੀ ਹੈ?

**ਜਾਂ**

'ਸ਼ੋਭਾ-ਸ਼ਕਤੀ' ਨਾਟਕ ਦੇ ਦੂਜੇ ਨਾਟ ਦੀ ਪ੍ਰਮੁੱਖ ਘਟਨਾ ਬਿਆਨ ਕਰੋ।

**12.** ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ***ਦੋ*** ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ : $2 \times 2 = 4$

(i) ਪਿਆਰ ਵਿਚ ਕਿਹੜੇ-ਕਿਹੜੇ ਗੁਣ ਸਮੋਏ ਰਹਿੰਦੇ ਹਨ?

(ii) ਬੀਬੀ ਭਾਨੀ ਅਤੇ ਜੇਠਾ ਜੀ ਗੁਰੂ ਅਮਰਦਾਸ ਜੀ ਦੇ ਕੀ ਲਗਦੇ ਹਨ?

(iii) 'ਸ਼ੀਸ਼ੇ-ਸਾਹਮਣੇ' ਲੇਖ ਵਿਚ ਲੇਖਕ ਕਿਥੇ ਜਾਣ ਤੋਂ ਘਬਰਾਂਉਂਦਾ ਹੈ?

**13.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾਂ ਵਿਚ ਲਿਖੋ : 3

'ਆਪਣਾ-ਆਪਣਾ ਸੂਰਜ' ਕਵਿਤਾ ਵਿਚ ਸੂਰਜ ਦੇ ਕਿਹੜੇ-ਕਿਹੜੇ ਪ੍ਰਕਾਰ ਦਰਸਾਏ ਗਏ ਹਨ?

**ਜਾਂ**

'ਬਿਨਫ਼ਸ਼ਾਂ ਦਾ ਫੁੱਲ' ਕਵਿਤਾ ਵਿਚ ਤੁਹਾਨੂੰ ਕੀ ਸਿਖਿਆ ਮਿਲਦੀ ਹੈ?

**14.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾਂ ਵਿਚ ਲਿਖੋ : 3

ਸ਼ੋਭਾ ਨਾਟਕ ਵਿਚ ਇਸਤਰੀ ਦੇ ਕਿਹੜੇ-ਕਿਹੜੇ ਰੂਪ ਵਿਚ ਸਾਹਮਣੇ ਆਈ ਹੈ?

**ਜਾਂ**

ਰਮੇਸ਼ ਕੌਣ ਹੈ? ਸ਼ੋਭਾ ਅਤੇ ਦੀਨਦਿਆਲ ਕਪੂਰ ਨਾਲ ਉਸਦਾ ਕੀ ਰਿਸ਼ਤਾ ਹੈ?

**15.** ਕਿਸੇ ***ਇਕ*** ਪ੍ਰਸ਼ਨ ਦਾ ਉੱਤਰ **20-25** ਸ਼ਬਦਾਂ ਵਿਚ ਲਿਖੋ : 3

ਏਵੀਆਂ ਦੇ ਚਸ਼ਮੇ ਬਾਰੇ ਤੁਸੀਂ ਕੀ ਜਾਣਦੇ ਹੋ?

**ਜਾਂ**

'ਠਾਣੇਦਾਰੀ' ਲੇਖ ਦਾ ਉਦੇਸ਼ ਕੀ ਹੈ?

**16.** ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

(ੳ) ਸੁਹਣੀ ਨੇ ਅਸਮਾਨ ਖੜੋਕੇ, ਧਰਤੀ ਵਲ ਤਕਾਕੇ,
ਇਹ ਮੁੱਠੀ ਖੁਹਲੀ ਤੇ ਸੁੱਟਿਆ ਸਭ ਕੁਛ ਹੇਠ ਤਕਾਕੇ।
ਜਿਸ ਥਾਂਵੇ ਧਰਤੀ ਤੇ ਆਕੇ ਇਹ ਮੁੱਠ ਡਿੱਗੀਸਾਰੀ,
ਉਸ ਥਾਂਉ 'ਕਸ਼ਮੀਰ' ਬਣ ਗਿਆ ਟੁਕੜੀ ਜੱਗ ਤੋਂ ਨਯਾਰੀ।

(ਅ) ਮੈ ਕੰਡਿਆਲੀ ਥੋਹ੍ਰ ਵੇ ਸੱਜਣਾਂ। ਉੱਗੀ ਵਿਚ ਜੋ ਬੇਲੇ।
ਨਾ ਕੋਈ ਮੇਰੀ ਛਾਂਵੇ ਬੈਠੇ, ਨਾ ਪੱਤ ਖਾਵਣ ਲੇਲੇ।
ਮੈ ਰਾਜੇ ਦੀ ਬਰਦੀ ਅੜਿਆ, ਤੂੰ ਰਾਜੇ ਦਾ ਜਾਇਆ।
ਤੁਹੀਉਂ ਦੱਸ ਵੇ ਮੋਹਰਾਂ ਸਾਹਵੇਂ, ਮੁੱਲ ਕੀ ਖੋਟਨ ਧੇਲੇ?

**17.** ਹੇਠ ਲਿਖਿਆਂ ਕਵਿਤਾਵਾਂ ਵਿਚੋਂ ਕਿਸੇ ***ਇਕ*** ਦਾ ਸਾਰ ਲਿਖੋ : 5

(ੳ) ਤਾਜਮਹੱਲ

(ਅ) ਚਿੜੀਆਂ ਦਾ ਚੰਬਾ

(ੲ) ਰਾਧਾ ਸੰਦੇਸ਼

**18.** ਹੇਠ ਲਿਖਿਆਂ ਪ੍ਰਸ਼ਨਾਂ ਵਿਚੋਂ ਕਿਸੇ ***ਇਕ*** ਦਾ ਉੱਤਰ **40-50** ਸ਼ਬਦਾਂ ਵਿੱਚ ਲਿਖੋ : 5

'ਸ਼ੋਭਾ-ਸ਼ਕਤੀ' ਨਾਟਕ ਦੇ ਤੀਜੇ ਨਾਟ ਦਾ ਸਾਰ ਲਿਖੋ।

**ਜਾਂ**

'ਸ਼ੋਭਾ-ਸ਼ਕਤੀ' ਨਾਟਕ ਦਾ ਉਦੇਸ਼ ਲਿਖੋ।

**19.** ਹੇਠ ਲਿਖੇ ਲੇਖਾਂ ਵਿਚੋਂ ਕਿਸੇ ***ਇਕ*** ਦਾ ਸਾਰ ਲਿਖੋ : 5

(ੳ) ਕੌਮ ਲਈ ਕੁਰਬਾਨੀ

(ਅ) ਸਾਡੇ ਲੋਕ-ਗੀਤ

(ੲ) ਮਲਕ ਭਾਗੋ ਤੇ ਭਾਈ ਲਾਲੋ